## ਲੋਕ ਕਥਾਵਾਂ
## ਮਿੱਥ ਕਥਾ

ਮਿਥ ਕਥਾ ਅੰਗਰੇਜ਼ੀ ਪਦ Myth ਸਮਾਨਅਰਥੀ ਵਜੋਂ ਵਰਤਿਆ ਗਿਆ ਹੈ। ਅੰਗਰੇਜ਼ੀ ਤੇ ਫਰਾਂਸੀਸੀ ਵਿੱਚ ਮਿਥ ਸ਼ਬਦ ਲਾਤੀਨੀ ਭਾਸ਼ਾ ਰਾਹੀਂ ਹੁੰਦਾ ਹੋਇਆ ਗਰੀਕ ਸ਼ਬਦ ਮੂਥਸ ਤੋਂ ਆਇਆ ਹੈ। ਜਿਸਦਾ ਅਰਥ ਹੈ ਬੋਲਣਾ,ਕਹਾਣੀ, ਕਲਪਿਤ ਕਹਾਣੀ ਆਦਿ। ਪੰਜਾਬੀ ਵਿੱਚ ਇਹਨਾਂ ਨੂੰ ਮਿਥਿਹਾਸਿਕ ਕਥਾਵਾਂ ਜਾਂ ਕਹਾਣੀਆਂ ਕਿਹਾ ਜਾਂਦਾ ਹੈ। ਮਿਥ ਕਥਾਵਾਂ ਸਾਹਿਤ ਦਾ ਮੁੱਢਲਾ ਰੂਪ ਤੇ ਮਹੱਤਵਪੂਰਨ ਹਿੱਸਾ ਹਨ। ਮਿਥ ਕਥਾ ਅਸਲ ਵਿੱਚ ਇਕ ਕਹਾਣੀ ਹੁੰਦੀ ਹੈ। ਮੁੱਢਲੇ ਪੜਾਵਾਂ ਉੱਤੇ ਮਨੁੱਖ ਨੇ ਪ੍ਰਕਿਰਤਿਕ ਵਰਤਾਰਿਆਂ ਬਾਰੇ ਆਪਣੀ ਸਮਝ ਨੂੰ ਕਲਪਨਾਤਮਿਕ ਕਹਾਣੀਆਂ ਦੇ ਰੂਪ ਵਿੱਚ ਪੇਸ਼ ਕੀਤਾ ਜਿਨ੍ਹਾਂ ਨੂੰ ਅਸੀਂ ਮਿਥ ਕਥਾਵਾਂ ਦਾ ਰੂਪ ਮੰਨਦੇ ਹਾਂ। ਮੁੱਢਲੇ ਮਨੁੱਖ ਨੇ ਬੇਜਾਨ ਪ੍ਰਕਿਰਤਿਕ ਵਸਤਾਂ, ਜੀਵ-ਜੰਤੂਆਂ ਅਤੇ ਫੁੱਲ ਬੂਟਿਆਂ ਨੂੰ ਜਾਨਦਾਰ ਮਨੁੱਖਾਂ ਵਾਂਗ ਸਮਝਦੇ ਹੋਏ ਇਹਨਾਂ ਨੂੰ ਆਪਣੇ ਕਥਾ ਸੰਸਾਰ ਦਾ ਅੰਗ ਬਣਾਇਆ। ਮਨੁੱਖ ਨੇ ਆਪਣੀ ਕਲਪਨਾ, ਸੁਪਨਿਆਂ,ਇੱਛਾਵਾਂ ਤੇ ਡਰਾਂ ਨੂੰ ਵੱਖ ਵੱਖ ਪ੍ਰਕਾਰ ਦੇ ਮਨੁੱਖੀ ਪਾਤਰਾਂ, ਜਿਵੇ ਦੇਵੀ-ਦੇਵਤੇ,ਜਿੰਨ-ਪਰੀਆਂ, ਭੂਤਾਂ-ਪ੍ਰੇਤਾਂ ਦੇ ਰੂਪ ਵਿੱਚ ਚਿਤਰਿਆ ਹੈ। ਇਸ ਤਰ੍ਹਾਂ ਇਹ ਮਿਥ ਕਥਾਵਾਂ ਘਟਨਾਵਾਂ ਦੀ ਅਸਲ ਵਾਸਤਵਿਕਤਾ ਨੂੰ ਭਾਵੇਂ ਪੇਸ਼ ਨਾ ਕਰਦੀਆਂ ਹੋਣ ਪਰ ਇਹ ਉਸ ਵੇਲ਼ੇ ਦੇ ਮਨੁੱਖ ਦੇ ਜੀਵਨ ਬਾਰੇ ਸਮਝ ਅਤੇ ਸੂਝ ਨੂੰ ਜ਼ਰੂਰ ਪੇਸ਼ ਕਰਦੀਆਂ ਹਨ।

ਮਿਥ ਵਿੱਚ ਦੱਸੀ ਕਹਾਣੀ ਦੀ ਘਟਨਾ ਬੀਜ-ਰੂਪ ਵਿੱਚ ਪੂਰਵ ਇਤਿਹਾਸਿਕ ਕਾਲ ਵਿੱਚ ਕਦੇ ਨਾ ਕਦੇ ਵਾਪਰੀ ਵੀ ਹੋ ਸਕਦੀ ਹੈ ਅਤੇ ਨਹੀਂ ਵੀ ਪਰ ਸਮਾਂ ਬੀਤਣ ਨਾਲ਼ ਇਸ ਕਹਾਣੀ ਵਿੱਚ ਬਹੁਤ ਕੁਝ ਮਿਥਿਆ ਜੁੜ ਜਾਂਦਾ ਹੈ। ਆਮ ਤੌਰ ਤੇ ਮਿਥ-ਕਥਾ ਕਿਸੇ ਦੇਵ ਪੁਰਖ ਨਾਲ਼ ਜੁੜੀ ਹੁੰਦੀ ਹੈ। ਮਿਥ ਦੇ ਵੇਰਵਿਆਂ ਵਿੱਚ ਉਸ ਜਾਤੀ ਦੀਆਂ ਰਹੁ-ਰੀਤਾਂ, ਸੰਸਕਾਰਾਂ ਅਤੇ ਧਾਰਮਿਕ ਸੰਸਥਾਵਾਂ ਦਾ ਵਖਿਆਨ ਹੁੰਦਾ ਹੈ। ਇਸੇ ਲਈ ਮਿਥ ਕਥਾਵਾਂ ਸ਼ਰਧਾ ਵੀ ਜਗਾਉਂਦੀਆਂ ਹਨ ਅਤੇ ਜਾਤੀ-ਵਿਸ਼ੇਸ਼ ਦੇ ਧਾਰਮਿਕ ਵਿਸ਼ਵਾਸਾਂ ਦਾ ਅਨਿੱਖੜਵਾਂ ਅੰਗ ਵੀ ਬਣ ਜਾਂਦੀਆਂ ਹਨ।

ਪੰਜਾਬੀ ਕਥਾ ਸਾਹਿਤ ਮਿਥ ਕਥਾਵਾਂ ਨਾਲ਼ ਭਰਪੂਰ ਹੈ। ਇਸ ਪਾਠ ਪੁਸਤਕ ਲਈ ਇਸ ਭੰਡਾਰ ਵਿੱਚੋਂ ਵੰਨਗੀ ਹਿਤ ਦੋ ਮਿੱਥ ਕਥਾਵਾਂ ਚੁਣੀਆਂ ਗਈਆਂ ਹਨ ਪ੍ਰਹਿਲਾਦ ਭਗਤ ਅਤੇ ਨਲ ਦਮਿਅੰਤੀ। ਪ੍ਰਹਿਲਾਦ ਭਗਤ ਕਥਾ ਦਾ ਮੁਖ ਪਾਤਰ ਪ੍ਰਹਿਲਾਦ ਇੱਕ ਬਾਲਕ ਹੈ ਜੋਕਿ ਨੇਕੀ ਦਾ ਪ੍ਰਤੀਕ ਹੈ ਇਸ ਵਿੱਚ ਵਿਰੋਧੀ ਅਤੇ ਬੁਰਾਈ ਜਾਂ ਬਦੀ ਦਾ ਪ੍ਰਤੀਕ ਪ੍ਰਹਿਲਾਦ ਦਾ ਪਿਤਾ ਹਰਨਾਖਸ਼ ਹੈ। ਅਨੇਕਾਂ ਕਠਨਾਈਆਂ ਅਤੇ ਵਿਰੋਧਾਂ ਦੇ ਬਾਵਜੂਦ ਅੰਤ ਵਿੱਚ ਪ੍ਰਹਿਲਾਦ ਦੀ ਜਿੱਤ ਹੁੰਦੀ ਹੈ।

ਇਹ ਕਥਾ ਏਨੀ ਹਰਮਨ ਪਿਆਰੀ ਹੋਈ ਹੈ ਕਿ ਇਸ ਦਾ ਹਵਾਲਾ ਗੁਰੂ ਸਾਹਿਬਾਨਾ ਭਗਤਾਂ ਅਤੇ ਕਵੀਆਂ ਨੇ ਆਪਣੀਆਂ ਰਚਨਾਵਾਂ ਵਿੱਚ ਵੀ ਦਿੱਤਾ ਹੈ। ਭਾਈ ਗੁਰਦਾਸ ਜੀ ਨੇ ਇਸ ਬਾਰੇ ਹੇਠ ਲਿਖੀ ਪਉੜੀ ਲਿਖੀ ਹੈ-

ਘਰਿ ਹਰਣਾਖਸ਼ ਦੈਂਤ ਦੇ, ਕਲਰਿ ਕਵ੍ਹ ਭਗਤੁ ਪ੍ਰਹਿਲਾਦ।
ਪੜ੍ਹਨ ਪਠਾਇਆ ਚਾਟਸਾਲ ਪਾਂਧੈ, ਚਿਤਿ ਹੋਆ ਅਹਿਲਾਦ.
.................................. ਜੈ ਜੈ ਕਾਰ ਕਰਨਿ ਬ੍ਰਹਮਾਦਿ।।

ਇਸੇ ਤਰ੍ਹਾਂ ਨਲ ਅਤੇ ਦਮਿਯੰਤੀ ਦੀ ਪ੍ਰਾਚੀਨ ਮਿਥ ਕਥਾ ਹੈ । ਇਸ ਦਾ ਜ਼ਿਕਰ ਮਹਾਭਾਰਤ ਵਿੱਚ ਆਉਂਦਾ ਹੈ। ਜਦੋਂ ਯੁਧਿਸ਼ਟਰ ਜੂਏ ਵਿੱਚ ਸਭ ਕੁਝ ਹਾਰ ਕੇ ਉਦਾਸ ਨਿਰਾਸ ਹੋ ਜਾਂਦਾ ਹੈ ਤਾਂ ਬ੍ਰਿਹਦਸ਼ਵ ਦਾ ਪਾਤਰ ਉਸ ਨੂੰ ਇਹ ਕਥਾ ਸੁਣਾ ਕੇ ਉ ਦਾ ਧੀਰਜ ਬਨ੍ਹਾਉਂਦਾ ਹੈ। ਇਸ ਕਥਾ ਵਿੱਚ ਨਲ ਤੇ ਦਮਿਅੰਤੀ ਅਨੇਕਾਂ ਦੁੱਖ ਕੱਟਦੇ ਹਨ, ਔਖੀਆਂ ਪਰਿਸਥਿਤੀਆਂ ਵਿੱਚ ਪੈਂਦੇਹਨ ਵਿੱਛੜਦੇ ਹਨ ਪਰ ਅੰਤ ਨੂੰ ਇਕੱਠੇ ਹੋ ਜਾਂਦੇ ਹਨ। ਉਹਨਾਂ ਦਾ ਪਰਸਪਰ ਪ੍ਰੇਮ ਤੇ ਵਿਸ਼ਵਾਸ ਅਡਿੱਗ ਰਹਿੰਦਾ ਹੈ ਅਤੇ ਸਾਹਸ ਬਣਿਆ ਰਹਿੰਦਾ ਹੈ। ਇਸ ਮਿਥ ਕਥਾ ਵਿੱਚ ਮਨੁੱਖੀ ਗੁਣਾਂ ਅਤੇ ਚੰਗਿਆਈ ਦੀ ਜਿੱਤ ਦਰਸਾਈ ਗਈ ਹੈ।

................................................

## ਮਿੱਥ ਕਥਾਵਾਂ
## ਪ੍ਰਹਿਲਾਦ ਭਗਤ

ਪ੍ਰਹਿਲਾਦ ਮਿੱਥ ਕਥਾ ਦਾ ਪਾਤਰ, ਇਕ ਬਾਲਕ ਹੈ ਜੋ ਨੇਕੀ ਦਾ ਪ੍ਰਤੀਕ ਹੈ। ਇਹ ਹਰਨਾਖਸ਼ ਦਾ ਪੁੱਤਰ ਹੈ , ਜੋ ਬਦੀ ਦਾ ਪ੍ਰਤੀਕ ਹੈ। ਬੈਕੁੰਠ ਜਾਂ ਸਵਰਗ ਵਿੱਚ ਹਰਨਾਖਸ਼ ਤੇ ਪਰਨਾਖਸ਼ ਦੋ ਭਰਾ ਰਹਿੰਦੇ ਸਨ. ਦੇਵਤਿਆਂ ਦੇ ਸਰਾਪ ਕਾਰਨ ਇਹਨਾਂ ਨੂੰ ਬੈਕੁੰਠ ਵਿੱਚੋਂ ਨਿਕਲਣਾ ਪਿਆ। ਪਰਨਾਖਸ਼ ਦੀ ਮੌਤ ਹੋ ਗਈ। ਹਰਨਾਖਸ਼ ਧਰਤੀ ਤੇ ਰਾਜ ਕਰਨ ਲੱਗ ਪਿਆ। ਉਸਨੇ ਮੌਤ ਤੇ ਕਾਬੂ ਪਾਉਣ ਲਈ ਹਿਮਾਲਿਆਂ ਪਰਬਤ ਤੇ ਜਾ ਕੇ ਬਹੁਤ ਤਪੱਸਿਆ ਕੀਤੀ, ਇਸ ਤਪੱਸਿਆ ਦੇ ਫਲਸਰੂਪ ਜਦੋਂ ਪਰਮਾਤਮਾ ਪ੍ਰਗਟ ਹੋਇਆ ਤਾਂ ਉਸਨੇ ਰੱਬ ਤੋਂ ਇਹ ਵਰ ਮੰਗੇ।

1 ਮੈਂ ਨਾ ਦਿਨ ਨੂੰ ਮਰਾਂ- ਨਾ ਰਾਤ ਨੂੰ ਮਰਾਂ।
2 ਮੈਂ ਨਾ ਅੰਦਰ ਮਰਾਂ, ਨਾ ਬਾਹਰ ਮਰਾਂ।
3 ਮੈਂ ਨਾ ਧਰਤੀ ਤੇ ਮਰਾਂ, ਨਾ ਅਕਾਸ਼ ਤੇ ਮਰਾਂ।
4 ਮੈਂ ਨਾ ਬਿਮਾਰੀ ਨਾਲ਼ ਮਰਾਂ, ਨਾ ਹਥਿਆਰ ਨਾਲ਼ ਮਰਾਂ।
5 ਮੈਂ ਨਾ ਮਨੁੱਖ ਤੋਂ ਮਰਾਂ, ਨਾ ਪਸੂ ਤੋ ਮਰਾਂ।

ਪਰਮਾਤਮਾ ਨੇ ਇਹ ਵਰ ਦਿੱਤੇ । ਹਰਨਾਖਸ਼ ਬੇਖੌਫ ਹੋ ਕੇ ਰਾਜ ਕਰਨ ਲੱਗਾ। ਹੰਕਾਰ ਵਿੱਚ ਆ ਕੇ ਲੋਕਾਂ ਨੇ ਜ਼ੁਲਮ ਕਰਨ ਲੱਗਾ ਤੇ ਪਰਮਾਤਮਾ ਦੀ ਥਾਂ ਕਹਿੰਦਾ ਮੇਰਾ ਨਾਮ ਜਪੋ।

ਹਰਨਾਖਸ਼ ਦੇ ਘਰ ਇਕ ਪੁੱਤਰ ਨੇ ਜਨਮ ਲਿਆ ਜਿਸ ਦਾ ਨਾਮ ਪ੍ਰਹਿਲਾਦ ਰੱਖਿਆ ਗਿਆ। ਜਦੋਂ ਉਸਨੂੰ ਪੜ੍ਹਨ ਲਈ ਪਾਠਸ਼ਾਲਾ ਭੇਜਿਆ ਤਾਂ ਪਾਂਧੇ ਨੇ ਹਰਨਾਖਸ਼ ਦਾ ਨਾਂ ਜਪਣ ਲਈ ਕਿਹਾ, ਪਰ ਪ੍ਰਹਿਲਾਦ ਪਰਮਾਤਮਾ ਨੂੰ ਹਰਨਾਖਸ਼ ਤੋਂ ਵੱਡਾ ਮੰਨਦਾ ਸੀ ਤੇ ਉਹ ਪਰਮਾਤਮਾ ਦਾ ਨਾਂ ਜਪਦਾ ਸੀ। ਪਾਂਧੇ ਨੇ ਹਰਨਾਖਸ਼ ਕੋਲ ਸ਼ਿਕਾਇਤ ਕੀਤੀ। ਹਰਨਾਖਸ਼ ਨੇ ਜਦ ਪ੍ਰਹਿਲਾਦ ਨੂੰ ਪੁੱਛਿਆ ਤਾਂ ਉਸਨੇ ਕਿਹਾ ਕਿ ਪਰਮਾਤਮਾ ਹੀ ਸਰਬਸ਼ਕਤੀਮਾਨ ਹੈ, ਉਸਨੇ ਸਾਰੀ ਦੁਨੀਆਂ ਪੈਦਾ ਕੀਤੀ ਹੈ। ਹਰਨਾਖਸ਼ ਨੂੰ ਬਹੁਤ ਗੁੱਸਾ ਆਇਆ। ਪ੍ਰਹਿਲਾਦ ਦੀ ਮਾਂ ਨੇ ਉਸਨੂੰ ਸਮਝਾਇਆ ਤੇ ਪਿਤਾ ਦੀ ਸ਼ਕਤੀ ਤੇ ਵਰਾਂ ਬਾਰੇ ਦੱਸਿਆ। ਪ੍ਰਹਿਲਾਦ ਨੇ ਕਿਹ ਸਭ ਤੋਂ ਸ਼ਕਤੀਸ਼ਾਲੀ ਪ੍ਰਮਾਤਮਾ ਹੈ, ਪਿਤਾ ਜੀ ਨੂੰ ਵੀ ਉਸਨੇ ਹੀ ਬਣਾਇਆ ਹੈ। ਹਰਨਾਖਸ ਨੂੰ ਹੋਰ ਗੁੱਸਾ ਆ ਗਿਆ। ਉਸਨੇ ਜਲਾਦਾਂ ਨੂੰ ਸੱਦ ਕੇ ਪ੍ਰਹਿਲਾਦ ਨੂੰ ਸਮੁੰਦਰ ਵਿੱਚ ਡੋਬ ਕੇ ਮਾਰਨ ਦਾ ਹੁਕਮ ਦਿੱਤਾ। ਜਲਾਦਾਂ ਨੇ ਜਦੋਂ ਪ੍ਰਹਿਲਾਦ ਨੂੰ ਸਮੁੰਦਰ ਵਿੱਚ ਸੁੱਟਿਆ ਤਾਂ ਇੱਕ ਲਹਿਰ ਨੇ ਮੁੜ ਕਿਨਾਰੇ ਤੇ ਫੇਰ ਸੁੱਟ ਦਿੱਤਾ। ਜਲਾਦਾਂ ਨੇ ਸਾਰੀ ਗੱਲ ਆਕੇ ਹਰਨਾਖਸ਼ ਨੂੰ ਦੱਸੀ। ਫਿਰ ਹਰਨਾਖਸ਼ ਨੇ ਜਲਾਦਾਂ ਨੂੰ ਕਿਹਾ ਕਿ ਉਸਨੂੰ ਕਿਸੇ ਪਰਬਤ ਤੋਂ ਥੱਲੇ ਸੁੱਟ ਕੇ ਮਾਰ ਦਿੱਤਾ ਜਾਵੇ, ਪਰ ਪ੍ਰਹਿਲਾਦ ਫਿਰ ਬਚ ਗਿਆ ਕਿ ਉਹ ਪਰਬਤ ਤੋਂ ਸੰਘਣੇ ਰੁੱਖ ਤੇ ਡਿੱਗ ਪਿਆ। ਹਰਨਾਖਸ਼ ਨੇ ਫਿਰ ਪ੍ਰਹਿਲਾਦ ਨੂੰ ਹਾਥੀ ਅੱਗੇ ਸੁੱਟਿਆ ਉਹ ਫਿਰ ਬਚ ਗਿਆ।

ਹਰਨਾਖਸ਼ ਦੀ ਇਕ ਭੈਣ ਸੀ ਹੋਲਿਕਾ ਜਿਸਨੂੰ ਅਗਨੀ ਵਿੱਚ ਨਾ ਸੜ੍ਹਨ ਦਾ ਵਰ ਪ੍ਰਾਪਤ ਸੀ। ਹਰਨਾਖਸ਼ ਦੇ ਕਹੇ ਮੁਤਾਬਿਕ ਉਹ ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਅੱਗ ਵਿੱਚ ਬੈਠ ਗਈ ਤਾਂ ਕਿ ਪ੍ਰਹਿਲਾਦ ਮਰ ਜਾਵੇ ਪਰ ਹੋਲਿਕਾ ਸੜ ਗਈ ਤੇ ਪ੍ਰਹਿਲਾਦ ਬਚ ਗਿਆ। ਹਰਨਾਖਸ਼ ਗੁੱਸੇ ਵਿੱਚ ਪਾਗਲ ਹੋ ਗਿਆ। ਉਸਨੇ ਇੱਕ ਲੋਹੇ ਦਾ ਥੰਮ ਗਰਮ ਕਰਵਾਇਆ ਤੇ ਪ੍ਰਹਿਲਾਦ ਨੂੰ ਕਿਹਾ ਤੇਰਾ ਪਰਮਾਤਮਾ ਕਿੱਥੇ ਹੈ ਤੇ ਪ੍ਰਹਿਲਾਦ ਨੇ ਕਿਹਾ ਕਣ ਕਣ ਵਿੱਚ ਤਾਂ ਹਰਨਾਖਸ਼ ਨੇ ਕਿਹਾ ਜੇ ਪ੍ਰਮਾਤਮਾ ਇਸ ਥੰਮ ਵਿੱਚ ਵੀ ਹੈ ਤਾਂ ਇਸ ਨੂੰ ਜੱਫੀ ਪਾ ਲੈ। ਉਸ ਸਮੇਂ ਪ੍ਰਹਿਲਾਦ ਨੂੰ ਥੰਮ ਤੇ ਇਕ ਕੀੜੀ ਤੁਰਦੀ ਦਿਸੀ ਤੇ ਉਸਨੇ ਬੇਫਿਕਰ ਹੋ ਕੇ ਥੰਮ ਨੂੰ ਜੱਫੀ ਪਾ ਲਈ।

ਹਰਨਾਖਸ਼ ਗੁੱਸੇ ਵਿੱਚ ਅੰਨਾ ਹੋ ਗਿਆ ਤੇ ਉਸਨੇ ਪ੍ਰਹਿਲਾਦ ਤੇ ਵਾਰ ਕੀਤਾ ਤੇ ਤਲਵਾਰ ਥੰਮ ਤੇ ਜਾ ਵੱਜੀ ਤੇ ਥੰਮ ਟੁੱਟ ਗਿਆ ਤੇ ਉਸ ਵਿੱਚੋਂ ਨਰ ਸਿੰਘ ਦੇ ਰੂਪ ਵਿੱਚ ਪਰਮਾਤਮਾ ਪ੍ਰਗਟ ਹੋਇਆ। ਪਰਮਾਤਮਾ ਦਾ ਇਹ ਰੂਪ ਅੱਧਾ ਮਨੁੱਖ ਤੇ ਅੱਧਾ ਸ਼ੇਰ ਦਾ ਤੇ ਉਸਨੇ ਹਰਨਾਖਸ਼ ਦਾ ਸਿਰ ਆਪਣੇ ਪੱਟਾ ਤੇ ਰੱਖ ਲਿਆ, ਤੇ ਨਹੁੰਦਰਾਂ ਨਾਲ਼ ਮਾਰ ਦਿੱਤਾ। ਨਰ ਸਿੰਘ ਨੇ ਦੱਸ ਦਿੱਤਾ ਸੀ ਕਿ ਤੈਨੂੰ ਤੇਰੇ ਵਰ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਮਾਰਿਆ ਜਾ ਰਿਹਾ ਹੈ। ਇਸ ਸਮੇਂ ਨਾ ਦਿਨ ਸੀ ਨਾ ਰਾਤ ਸੀ,ਦੋਵੇ ਵਕਤ ਮਿਲਦੇ ਭਾਵ ਸ਼ਾਮ ਦਾ ਸਮਾਂ ਸੀ। ਉਸ ਸਮੇਂ ਉਹ ਨਾ ਧਰਤੀ ਤੇ ਸੀ ਨਾ ਅਸਮਾਨ ਤੇ ਸੀ ਸਗੋਂ ਨਰ ਸਿੰਘ ਦੇ ਪੱਟਾਂ ਤੇ ਸੀ। ਮਰਨ ਸਮੇਂ ਹਰਨਾਖਸ਼ ਨਾ ਅੰਦਰ ਸੀ ਨਾ ਬਾਹਰ ਸੀ ਸਗੋਂ ਦਹਿਲੀਜ ਤੇ ਸੀ। ਹਰਨਾਖਸ਼ ਦੀ ਮੌਤ ਨਾ ਬਿਮਾਰੀ ਨਾਲ਼ ਹੋਈ ਨਾ ਹਥਿਆਰ ਨਾਲ਼ ਸਗੋਂ ਨਰ ਸਿੰਘ ਦੀਆਂ ਨਹੁੰਦਰਾਂ ਨੇ ਉਸ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਸੀ। ਹਰਨਾਖਸ਼ ਨੂੰ ਮਾਰਨ ਵਾਲ਼ਾ ਨਾ ਮਨੁੱਖੀ ਰੂਪ ਵਿੱਚ ਸੀ ਨਾ ਪਸ਼ੂ ਰੂਪ ਵਿੱਚ ਇਸ ਤਰ੍ਹਾ ਹਰਨਾਖਸ਼ ਨੂੰ ਵਰ ਵਿੱਚ ਮਿਲ਼ੀਆਂ ਸ਼ਰਤਾਂ ਵੀ ਬਚ ਨਾ ਸਕੀਆਂ।

ਪਰਮਾਤਮਾ ਨੇ ਸਾਰੀਆਂ ਗੱਲਾਂ ਪੂਰੀਆਂ ਕਰਦਿਆਂ ਹੋਇਆਂ ਜ਼ੁਲਮ ਦਾ ਨਾਸ ਕਰਨ ਲਈ ਹਰਨਾਖਸ਼ ਦਾ ਅੰਤ ਕਰ ਦਿੱਤਾ। ਪਿਤਾ ਹਰਨਾਖਸ਼ ਦੀ ਮੌਤ ਤੋਂ ਬਾਅਦ ਪ੍ਰਹਿਲਾਦ ਧਰਤੀ ਤੇ ਰਾਜ ਕਰਨ ਲੱਗਾ। ਉਸ ਦੇ ਰਾਜ ਵਿੱਚ ਸਾਰੇ ਸੁਖੀ ਸਨ।

ਵਸਤੂਨਿਸ਼ਠ ਪ੍ਰਸ਼ਨ ਉੱਤਰ

ਲੋਕ ਕਥਾ ਦਾ ਮੁੱਢਲਾ ਰੂਪ ਹਨ?

1) ਮਿੱਥ ਕਥਾਵਾਂ✔
2) ਪਰੀ ਕਥਾਵਾਂ
3) ਦੰਤ ਕਥਾਵਾਂ
4) ਨੀਤੀ ਕਥਾਵਾਂ

ਮੁੱਢਲੇ ਪੜਾਵਾਂ ਤੇ ਮਨੁੱਖ ਨੇ ਲੋਕ ਕਥਾਵਾਂ ਵਿੱਚ ਪ੍ਰਕਿਰਤਕ ਵਰਤਾਰਿਆਂ ਨੂੰ ਕਿਹੜੇ ਰੂਪ ਵਿੱਚ ਪੇਸ਼ ਕੀਤਾ?

1) ਯਥਾਰਥ
2) ਕਾਲਪਨਿਕ✔
3) ਰਹੱਸਮਈ
4) ਵਿਅੰਗਮਈ

ਮਿੱਥ ਕਥਾ ਆਮ ਤੌਰ ਤੇ ਕਿਸ ਪਾਤਰ ਨਾਲ਼ ਸੰਬੰਧਿਤ ਹੁੰਦੀ ਹੈ?

1) ਪਸ਼ੂ ਪੰਛੀਆਂ ਨਾਲ਼
2) ਦੇਵ ਪੁਰਸ਼ ਨਾਲ
3) ਭੂਤਾ ਪਰੇਤਾਂ ਨਾਲ਼
4) ਪਹਾੜਾਂ ਨਦੀਆਂ ਨਾਲ਼

ਪ੍ਰਹਿਲਾਦ ਭਗਤ ਦੀ ਲੋਕ ਕਥਾ ਹੈ?

1) ਮਿੱਥ ਕਥਾ✔
2) ਪਰੀ ਕਥਾ
3) ਨੀਤੀ ਕਥਾ
4) ਦੰਤ ਕਥਾ

ਪ੍ਰਹਿਲਾਦ ਭਗਤ ਦੀ ਮਿੱਥ ਕਥਾ ਦਾ ਮੁੱਖ ਪਾਤਰ ਹੈ?

1) ਬਾਲਕ✔
2) ਪਾਂਧਾ
3) ਸਾਧੂ
4) ਪ੍ਰੇਮੀ
ਪ੍ਰਹਿਲਾਦ ਭਗਤ ਦੀ ਕਥਾ ਵਿੱਚ ਬਾਲਕ ਕਾਹਦਾ ਪ੍ਰਤੀਕ ਹੈ?
1) ਨੇਕੀ ਦਾ✔
2) ਬਦੀ ਦਾ
3) ਰੱਬ ਦਾ
4) ਦੇਵਤੇ ਦਾ
ਪ੍ਰਹਿਲਾਦ ਭਗਤ ਦੀ ਕਥਾ ਵਿੱਚ ਬਦੀ ਦਾ ਪ੍ਰਤੀਕ ਹੈ?
1) ਪ੍ਰਹਿਲਾਦ ਭਗਤ
2) ਯੁਧਿਸ਼ਠਰ
3) ਪਰਨਾਖ਼ਸ਼
4) ਹਰਨਾਖ਼ਸ਼✔
ਗੁਰੂ ਸਾਹਿਬਾਂ, ਭਗਤਾਂ ਤੇ ਕਵੀਆਂ ਦੀਆਂ ਰਚਨਾਵਾਂ ਵਿੱਚ ਕਿਹੜੀ ਮਿੱਥ ਕਥਾ ਦਾ ਜ਼ਿਕਰ ਆਇਆ ਹੈ?
1) ਪ੍ਰਹਿਲਾਦ ਭਗਤ✔
2) ਰਾਜਾ ਰਸਾਲੂ
3) ਦੁੱਲਾ ਭੱਟੀ
4) ਨਲ ਦਮਿਅੰਤੀ
ਪ੍ਰਹਿਲਾਦ ਦੀ ਭੂਆ ਦਾ ਨਾਮ ਸੀ?
1) ਹੋਲਿਕਾਂ✔
2) ਭੰਤੀ
3) ਬਾਛਲ
4) ਕੀਮੀ
ਅੱਗ ਵਿੱਚ ਨਾ ਸੜ੍ਹਣ ਦਾ ਵਰ ਕਿਸਨੂੰ ਮਿਲਿਆ ਹੋਇਆ ਸੀ?
1) ਪਰਨਾਖ਼ਸ਼
2) ਹਰਨਾਖਸ਼
3) ਹੋਲਿਕਾਂ✔
4) ਪ੍ਰਹਿਲਾਦ
ਹਰਨਾਖਸ਼ ਨੂੰ ਕਿਸਨੇ ਮਾਰਿਆ?
1) ਪ੍ਰਹਿਲਾਦ ਭਗਤ ਨੇ
2) ਨਰ ਸਿੰਘ ਪਰਮਾਤਮਾ ਨੇ✔
3) ਗੁਰਪ੍ਰੀਤ ਸਿੰਘ ਘੋਪ ਨੇ
4) ਪਾਗਲ ਹਾਥੀ ਨੇ
ਹਰਨਾਖਸ਼ ਤੇ ਪਰਨਾਖ਼ਸ਼ ਨੂੰ ਬੈਕੁੰਠ ਵਿੱਚੋਂ ਕਿਉਂ ਨਿਕਲਣਾ ਪਿਆ?
1) ਕਣਕ ਦਾ ਦਾਣਾ ਖਾਣ ਕਰਕੇ
2) ਦੇਵਤਿਆਂ ਦੇ ਸਰਾਪ ਕਾਰਣ✔
3) ਔਰਤ ਨਾਲ ਛੇੜਖਾਨੀ ਕਾਰਣ
4) ਸਿਰ ਦੇ ਵਾਲ਼ ਕੱਟ ਲੈਣ ਕਾਰਣ
ਪ੍ਰਹਿਲਾਦ ਭਗਤ ਦੀ ਮਿੱਥ ਕਥਾ ਵਿੱਚ ਹਰਨਾਖਸ਼ ਕਿਸ ਤੇ ਕਾਬੂ ਪਾਉਣਾ ਚਾਹੁੰਦਾ ਸੀ?
1) ਪ੍ਰਹਿਲਾਦ ਤੇ
2) ਮੌਤ ਤੇ✔
3) ਪਤਨੀ ਤੇ
4) ਬਦਮਾਸ਼ਾਂ ਤੇ

ਹਰਨਾਖਸ਼ ਕਿੱਥੇ ਜਾ ਕੇ ਤਪੱਸਿਆ ਕਰਨ ਲੱਗਾ?
1) ਬੈਕੁੰਠ ਵਿੱਚ
2) ਹਿਮਾਲਿਆ ਪਰਬਤ ਤੇ✔
3) ਸੋਨੇ ਦੇ ਮਹਿਲ ਵਿੱਚ
4) ਜੰਗਲਾਂ ਵਿੱਚ
ਹਰਨਾਖਸ਼ ਦੇ ਪਰਮਾਤਮਾ ਤੋਂ ਕਿੰਨੇ ਵਰ ਮੰਗੇ?
1) ਚਾਰ
2) ਪੰਜ✔
3) ਅੱਠ
4) ਦਸ
ਨਰ ਸਿੰਘ ਪਰਮਾਤਮਾ ਕਿਸ ਲੋਕ ਕਥਾ ਦਾ ਪਾਤਰ ਹੈ?
1) ਪੂਰਨ ਭਗਤ
2) ਪ੍ਰਹਿਲਾਦ ਭਗਤ✔
3) ਨਲ ਦਮਿਅੰਤੀ
4) ਲਾਲਸਾ ਦੀ ਚੱਕੀ
ਪ੍ਰਹਿਲਾਦ ਕਿਸਦਾ ਪੁੱਤਰ ਸੀ?
1) ਹਰਨਾਖਸ਼ ਦਾ✔
2) ਪਰਨਾਖ਼ਸ਼ ਦਾ
3) ਹੋਲਿਕਾ ਦਾ
4) ਪੁਸ਼ਕਰ ਦਾ
ਪ੍ਰਹਿਲਾਦ ਨੂੰ ਪਰਬਤ ਤੋਂ ਤੇ ਸਮੁੰਦਰ ਵਿੱਚ ਮਾਰਨ ਲਈ ਕਿਸਨੇ ਸੁੱਟਿਆ?
1) ਹਰਨਾਖਸ਼ ਨੇ
2) ਜਲਾਦਾਂ ਨੇ✔
3) ਪਰਨਾਖ਼ਸ਼ ਨੇ
4) ਹੋਲਿਕਾ ਨੇ
ਪ੍ਰਹਿਲਾਦ ਨੂੰ ਪਾਗਲ ਹਾਥੀ ਅੱਗੇ ਮਾਰਨ ਲਈ ਕਿਸਨੇ ਸੁੱਟਿਆ?
1) ਹਰਨਾਖਸ਼ ਨੇ✔
2) ਜਲਾਦਾਂ ਨੇ
3) ਪਰਨਾਖ਼ਸ਼ ਨੇ
4) ਹੋਲਿਕਾ ਨੇ
ਪ੍ਰਹਿਲਾਦ ਭਗਤ ਨੇ ਗਰਮ ਥੰਮ੍ਹ ਉੱਤੇ ਕੀ ਤੁਰਦਾ ਦੇਖਿਆ?
1) ਪਰਮਾਤਮਾ
2) ਕੀੜੀ✔
3) ਮੱਖੀ
4) ਚੂਹਾ
ਲੋਕ ਕਥਾ ਪ੍ਰਹਿਲਾਦ ਭਗਤ ਵਿੱਚ ਪਾਠਸ਼ਾਲਾ ਦੇ ਪਾਂਧੇ ਨੇ ਪ੍ਰਹਿਲਾਦ ਨੂੰ ਕਿਸਦਾ ਨਾਮ ਜਪਣ ਲਈ ਕਿਹਾ?
1) ਪਰਮਾਤਮਾ ਦਾ
2) ਹਰਨਾਖਸ਼ ਦਾ✔
3) ਨਰ ਸਿੰਘ ਪਰਮਾਤਮਾ ਦਾ
4) ਦੇਵੀ ਮਾਤਾ ਦਾ
ਹਰਨਾਖਸ਼ ਨੂੰ ਕਿਸਨੇ ਮਾਰਿਆ?
1) ਪ੍ਰਹਿਲਾਦ ਭਗਤ ਨੇ
2) ਨਰ ਸਿੰਘ ਪਰਮਾਤਮਾ ਨੇ✔
3) ਗੁਰਪ੍ਰੀਤ ਸਿੰਘ ਪੋਪ ਨੇ

4) ਪਾਗਲ ਹਾਥੀ ਨੇ
ਨਰ ਸਿੰਘ ਪਰਮਾਤਮਾ ਦਾ ਸਵਰੂਪ ਸੀ?
1) ਆਦਮ ਸ਼ੇਰ ਦੇਵਤਾ
2) ਆਦਮ ਸ਼ੇਰ ਪਰਮਾਤਮਾ✔
3) ਆਦਮ ਬਾਘ ਦੇਵਤਾ
4) ਆਦਮ ਬੈਲ ਪਰਮਾਤਮਾ
ਨਰ ਸਿੰਘ ਪਰਮਾਤਮਾ ਨੇ ਹਰਨਾਖਸ਼ ਨੂੰ ਕਿਸ ਹਥਿਆਰ ਨਾਲ਼ ਮਾਰਿਆ?
1) ਦਾਤਰੀ ਨਾਲ
2) ਕਿਰਪਾਨ ਨਾਲ
3) ਦੰਦਾਂ ਨਾਲ
4) ਨਹੁੰਦਰਾਂ ਨਾਲ✔
ਹਰਨਾਖਸ਼ ਦੀ ਮੌਤ ਤੋਂ ਬਾਦ ਉਸਦੇ ਰਾਜ ਭਾਗ ਵਿੱਚ ਕੌਣ ਰਾਜ ਕਰਨ ਲੱਗਾ?
1) ਹੋਲਕਾਂ
2) ਪਰਨਾਖ਼ਸ਼
3) ਪ੍ਰਹਿਲਾਦ✔
4) ਜਲਾਦ
ਹਰਨਾਖਸ਼, ਪਰਨਾਖ਼ਸ਼, ਹੋਲਕਾਂ ਤੇ ਪ੍ਰਹਿਲਾਦ ਕਿਸ ਲੋਕ ਕਥਾ ਦੇ ਪਾਤਰ ਹਨ?
1) ਪੂਰਨ ਭਗਤ
2) ਪ੍ਰਹਿਲਾਦ ਭਗਤ✔
3) ਰਾਜਾ ਰਸਾਲੂ
4) ਦੁੱਲਾ ਭੱਟੀ
ਪ੍ਰਹਿਲਾਦ ਭਗਤ ਦੀ ਮਿੱਥ ਕਥਾ ਦਾ ਮੁੱਖ ਪਾਤਰ ਹੈ?
1) ਹਰਨਾਖਸ਼
2) ਪਰਨਾਖ਼ਸ਼
3) ਪ੍ਰਹਿਲਾਦ✔
4) ਨਰ ਸਿੰਘ
ਹਰਨਾਖਸ਼ ਤੇ ਪਰਨਾਖ਼ਸ਼ ਦਾ ਆਪਸ ਵਿੱਚ ਰਿਸ਼ਤਾ ਸੀ?
1) ਚਾਚਾ ਭਤੀਜਾ
2) ਭਰਾ ਭਰਾ✔
3) ਕੁੜਮ ਕੁੜਮ
4) ਕੋਈ ਵੀ ਨਹੀਂ
ਹਰਨਾਖਸ਼ ਤੇ ਪਰਨਾਖ਼ਸ਼ ਕਿਥੇ ਰਹਿੰਦੇ ਸਨ?
1) ਬੈਕੁੰਠ ਵਿੱਚ✔
2) ਹਿਮਾਲਿਆ ਪਰਬਤ ਤੇ
3) ਸੋਨੇ ਦੇ ਮਹਿਲ ਵਿੱਚ
4) ਜੰਗਲਾਂ ਵਿੱਚ

**ਤਿਆਰ ਕਰਤਾ:**

**ਗੁਰਮੁਖ ਸਿੰਘ ਮੁਮਾਰਾ**

**ਪੰਜਾਬੀ ਮਾਸਟਰ**
**ਸ ਸ ਸ ਸ ਦੋਨਾ ਮੱਤੜ ਬਲਾਕ ਮਮਦੋਟ ਜ਼ਿਲ੍ਹਾ ਫਿਰੋਜ਼ਪੁਰ**
**ਫੋਨ ਨੰ- 9855227042**

ਨਲ ਅਤੇ ਦਮਿਅੰਤੀ

ਨਿਸ਼ਧ ਦੇਸ਼ ਦੇ ਵੀਰ ਸੈਨ ਨਾਂ ਦੇ ਰਾਜੇ ਦਾ ਇੱਕ ਪੁੱਤਰ ਸੀ, ਨਲ। ਉਹ ਤੇਜੱਸਵੀ, ਗੁਣਵਾਨ, ਸੁੰਦਰ ਅਤੇ ਬਲਵਾਨ ਸੀ। ਘੋੜੇ ਦੁੜਾਉਣ ਵਿੱਚ ਉਸ ਦੀ ਖ਼ਾਸ ਮੁਹਾਰਤ ਸੀ। ਇਸੇ ਤਰ੍ਹਾਂ ਵਿਦਰਭ ਨਾਂ ਦੇ ਦੇਸ ਵਿੱਚ ਭੀਮ ਨਾਂ ਦਾ ਇੱਕ ਰਾਜਾ ਰਾਜ ਕਰਦਾ ਸੀ। ਉਸ ਦੀ ਇੱਕ ਰਾਜਕੁਮਾਰੀ ਸੀ ਜਿਸ ਦਾ ਨਾਂ ਦਮਿਅੰਤੀ ਸੀ। ਉਹ ਰੂਪਮਤੀ, ਬੁੱਧੀਮਾਨ ਅਤੇ ਹੋਰ ਅਨੇਕਾਂ ਗੁਣਾਂ ਦਾ ਮਾਲਕ ਸੀ।

ਨਲ ਅਤੇ ਦਮਅੰਤੀ ਆਪਣੇ ਗੁਣਾਂ ਕਾਰਨ ਛੇਤੀ ਹੀ ਲੋਕਾਂ ਵਿੱ ਜਾਣੇ ਜਾਣ ਲੱਗ ਪਏ। ਉਹਨਾਂ ਨੂੰ ਆਪ ਵੀ ਇੱਕ ਦੂਜੇ ਦੀ ਵਡਿਆਈ ਦਾ ਪਤਾ ਲੱਗ ਗਿਆ। ਇਸ ਤਰ੍ਹਾਂ ਬਿਨਾਂ ਇੱਕ- ਦੂਜੇ ਨੂੰ ਮਿਲੇ ਹੀ ਹੌਲ਼ੀ-ਹੌਲ਼ੀ ਉਹ ਇੱਕ ਦੂਜੇ ਨਾਲ਼ ਲਗਾਅ ਮਹਿਸੂਸ ਕਰਨ ਲੱਗ ਪਏ।

ਦਮਿਅੰਤੀ ਦੇ ਜਵਾਨ ਹੋਣ ਤੇ ਉਸ ਦੇ ਪਿਤਾ ਨੇ ਉਸ ਦਾ ਵਿਆਹ ਕਰਨ ਲਈ ਇਕ ਸੁੰਬਰ ਦਾ ਆਯੋਜਨ ਕੀਤਾ। ਦਮਿਅੰਤੀ ਨਾਲ਼ ਵਿਆਹ ਕਰਨ ਦੀ ਇੱਛਾ ਲੈ ਕੇ ਦੂਰ-ਦੁਰਾਡੇ ਤੋਂ ਰਾਜੇ ਅਤੇ ਰਾਜਕੁਮਾਰ ਪਹੁੰਚੇ। ਹੋਰ ਤਾਂ ਹੋਰ ਕਈ ਦੇਵਤੇ ਵੀ ਰਾਜਿਆਂ ਦਾ ਰੂਪ ਧਾਰ ਕੇ ਉਸ ਸੁੰਬਰ ਵਿੱਚ ਪਹੁੰਚੇ। ਦਮਿਅੰਤੀ ਪਹਿਲਾ ਹੀ ਮਨੋ ਮਨੀ ਨਲ ਨੂੰ ਆਪਣੇ ਪਤੀ ਵਜੋਂ ਸਵੀਕਾਰ ਕਰ ਚੁੱਕੀ ਸੀ। ਅਚੰਭਾ ਇਹ ਹੋਇਆ ਕਿ ਜਦੋਂ ਸੁੰਬਰ ਸਮੇਂ ਉਹ ਰਾਜੇ ਨਲ ਨੂੰ ਪਛਾਣਨ ਦੀ ਕੋਸ਼ਸ਼ ਕਰਨ ਲੱਗੀ ਤਾਂ ਉਸ ਨੂੰ ਇਕ ਨਹੀ, ਕਈ ਰਾਜੇ ਨਲ ਉੱਥੇ ਬੈਠੇ ਦਿਖਾਈ ਦਿੱਤੇ। ਕਈ ਦੇਵਤਿਆਂ ਨੇ ਰਾਜੇ ਨਲ ਦਾ ਰੂਪ ਧਾਰਨ ਕੀਤਾ ਹੋਇਆ ਸੀ ਪਰ ਜਦੋਂ ਉਹਨੇ ਬਹੁਤ ਧਿਆਨ ਨਾਲ਼ ਇਕਾਗਰ ਚਿੱਤ ਹੋ ਕੇ ਵੇਖਿਆ ਤਾਂ ਉਸ ਨੂੰ ਅਸਲੀ ਨਲ ਲੱਭਣ ਵਿੱਚ ਔਖ ਨਾ ਹੋਈ। ਉਸ ਨੇ ਵੇਖਿਆ ਕਿ ਦੇਵਤਿਆਂ ਦੇ ਸਰੀਰ ਉੱਪਰ ਮੁੜ੍ਹਕੇ ਦੀ ਕੋਈ ਬੂੰਦ ਨਹੀਂ ਸੀ। ਉਹਨਾਂ ਦੀਆਂ ਪਲਕਾਂ ਵੀ ਨਹੀਂ ਸਨ ਝਪਕਦੀਆਂ। ਉਹਨਾਂ ਦੇ ਪੈਰ ਵੀ ਧਰਤੀ ਨੂੰ ਨਹੀਂ ਸੀ ਛੂੰਹਦੇ ਅਤੇ ਨਾ ਹੀ ਉਹਨਾਂ ਦਾ ਕੋਈ ਪਰਛਾਂਵਾਂ ਸੀ।

ਦਮਿਅੰਤੀ ਨੇ ਵਰ-ਮਾਲ਼ਾ ਨਲ ਦੇ ਗਲ਼ ਵਿੱਚ ਪਾ ਦਿੱਤੀ। ਸਾਰਿਆਂ ਨੇ ਉਸ ਦੀ ਚੋਣ ਉੱਤੇ ਖ਼ੁਸ਼ੀ ਪ੍ਰਗਟ ਕੀਤੀ। ਦੇਵਤਿਆਂ ਨੇ ਵੀ ਅਸ਼ੀਰਵਾਦ ਦਿੱਤੇ।

ਵਿਆਹ ਤੋਂ ਬਾਦ ਨਲ ਤੇ ਦਮਿਅੰਤੀ ਦੋਵੇਂ ਖ਼ੁਸ਼ੀ ਖ਼ੁਸ਼ੀ ਰਹਿਣ ਲੱਗੇ । ਉਹਨਾਂ ਦੇ ਘਰ ਇੱਕ ਲੜਕੇ ਅਤੇ ਇੱਕ ਲੜਕੀ ਨੇ ਜਨਮ ਲਿਆ। ਪਰ ਕਲਜੁਗ ਤੋਂ ਉਹਨਾਂ ਦੀ ਖ਼ੁਸ਼ੀ ਬਰਦਾਸ਼ਤ ਨਾ ਹੋਈ। ਉਸ ਨੇ ਰੰਗ ਵਿੱਚ ਭੰਗ ਪਾਉਣ ਦੀ ਸੋਚੀ। ਉਸ ਨੇ ਕਿਹਾ ਕਿ ਮੈਂ ਨਲ ਅੰਦਰ ਨਿਵਾਸ ਕਰਾਂਗਾ ਅਤੇ ਆਪਣੀ ਚਾਲ ਚੱਲ ਕੇ ਉਸ ਨੂੰ ਰਾਜ ਭਾਗ ਤੋਂ ਵਾਂਝਾਂ ਕਰ ਦੇਵਾਂਗਾ। ਫਿਰ ਉਸਨੂੰ ਦਮਿਅੰਤ ਵੀ ਪਿਆਰ ਨਹੀਂ ਕਰ ਸਕੇਗੀ।

ਸਮਾਂ ਪਾ ਕੇ ਰਾਜਾ ਨਲ ਦੇ ਮਨ ਵਿੱਚ ਜੂਆ ਖੇਡਣ ਦਾ ਭੂਤ ਸਵਾਰ ਹੋ ਗਿਆ ਤੇ ਉਹ ਆਪਣੇ ਛੋਟੇ ਭਰਾ ਪੁਸ਼ਕਰ ਦੇ ਨਾਲ਼ ਜੂਆ ਖੇਡਮ ਲੱਗ ਪਿਆ। ਕਲਜੁਗ ਦੇ ਪ੍ਰਭਾਵ ਸਦਕਾ ਨਲ ਜੂਏ ਵਿੱਚ ਹਾਰਦਾ ਚਲਾ ਗਿਆ ਤੇ ਪੁਸ਼ਕਰ ਜਿੱਤਦਾ ਚਲਾ ਗਿਆ। ਜਦੋਂ ਦਮਿਅੰਤੀ ਨੂੰ ਇਸ ਭਾਣੇ ਦਾ ਪਤਾ ਲੱਗਾ ਤਾਂ ਉਸ ਨੇ ਨਲ ਨੂੰ ਹੋਰ ਜੂਆ ਖੇਡਣ ਤੋਂ ਰੋਕਣ ਦੀ ਕੋਸ਼ਸ਼ ਕੀਤੀ ਪਰ ਨਲ ਦੇ ਮਨ ਦੀ ਹਾਲਤ ਅਜਿਹੀ ਸੀ ਕਿ ਉਹ ਇਸ ਸਮੇਂ ਕਿਸੇ ਚੰਗੀ ਸਲਾਹ ਨੂੰ ਸੁਣ ਨਹੀਂ ਸੀ ਰਿਹਾ।

ਦਮਿਅੰਤੀ ਨੇ ਆਉਣ ਵਾਲ਼ੇ ਮਾੜੇ ਸਮੇਂ ਦਾ ਅਨੁਮਾਨ ਕਰ ਕੇ ਆਪਣੇ ਦੋਵੇਂ ਬੱਚਿਆਂ ਨੂੰ ਆਪਣੇ ਪਿਤਾ ਕੋਲ਼ ਭੇਜ ਦਿੱਤਾ । ਹੁਣ ਨਲ ਆਪਣਾ ਸਭ ਕੁਝ ਜੂਏ ਵਿੱਚ ਹਾਰ ਚੁੱਕਾ ਸੀ। ਬੱਸ, ਉਹ ਆਪ ਸੀ ਅਤੇ ਇੱਕ ਦਮਿਅੰਤੀ ਸੀ ਦੋਹਾਂ ਕੋਲ਼ ਇੱਕ ਇੱਕ ਵਸਤਰ ਸੀ। ਪੁਸ਼ਕਰ ਨੇ ਨਲ ਦਾ ਰਾਜ ਜਿੱਤਣ ਪਿੱਛੋਂ ਜਨਤਾ ਨੂੰ ਹੁਕਮ ਕਰ ਦਿੱਤਾ ਕਿ ਨਲ ਅਤੇ ਦਮਿਅੰਤੀ ਨੂੰ ਕਿਸੇ ਤਰ੍ਹਾਂ ਦੀ ਸਹਾਇਤਾ ਨਾ ਦਿੱਤੀ ਜਾਵੇ, ਇੱਥੋਂ ਤੱਕ ਕਿ ਅੰਨ ਪਾਣੀ ਵੀ ਨਾ ਦਿੱਤਾ ਜਾਵੇ।

ਨਲ ਆਪਣਾ ਰਾਜ ਛੱਡ ਕੇ ਜੰਗਲ਼ ਜਾਣ ਲਈ ਤੁਰ ਪਿਆ ਤਾਂ ਦਮਿਅੰਤੀ ਵੀ ਉਸਦੇ ਨਾਲ ਤੁਰ ਪਈ। ਨਲ ਨੇ ਉਸ ਨੂੰ ਆਪਣੇ ਨਾਲ਼ ਆਉਣ ਤੋ ਰੋਕਦਿਆਂ ਕਿਹਾ ਕਿ ਉਹ ਆਪਣੇ ਪਿਤਾ ਕੋਲ਼ ਚਲੀ ਜਾਵੇ, ਜੰਗਲ਼ ਵਿੱਚ ਰਹਿਣਾ ਬੜਾ ਕਠਨ ਹੋਵੇਗਾ। ਰਸਤੇ ਵਿੱਚ ਅਨੇਕਾਂ ਔਕੜਾਂ ਆਉਣਗੀਆਂ। ਇਸ ਲਈ ਚੰਗਾ ਹੈ ਕਿ ਉਹ ਇਸ ਔਕੜ ਦੀ ਘੜੀ ਆਪਣੇ ਪਿਤਾ ਕੋ ਜਾ ਕੇ ਰਹੇ। ਅੱਗੋਂ ਦਮਿਅੰਤੀ ਨੇ ਰਿਹਾ ਕਿ ਉਹਨਾਂ ਦੋਹਾਂ ਨੇ ਵਿਆਹ ਸਮੇਂ ਦੁੱਖ-ਸੁੱਖ ਵਿੱਚ ਇਕੱਠਿਆਂ ਰਹਿਣ ਦੀ ਪ੍ਰਣ ਲਿਆ ਸੀ। ਇਸ ਲਈ ਉਹ ਵੀ ਹਰ ਹਾਲ ਨਲ ਦੇ ਨਾਲ਼ ਹੀ ਰਹੇਗੀ। ਉਹ ਕਦੇ ਵੀ ਆਪਣੇ ਪਤੀ ਨਲ ਤੋਂ ਜੁਦਾਈ ਬਰਦਾਸ਼ਤ ਨਹੀਂ ਕਰ ਸਕੇਗੀ ਅੰਤ ਦੋਵੇਂ ਜੰਗਲ਼ ਨੂੰ ਤੁਰ ਪਏ।

ਨਲ ਅਤੇ ਦਮਿਅੰਤੀ ਕਈ ਦਿਨਾਂ ਤੱਕ ਭੁੱਖੇ ਭਾਣੇ ਰਹੇ। ਸਫ਼ਰ ਦੀ ਥਕਾਵਟ ਨੇ ਉਹਨਾਂ ਨੂੰ ਹਾਲੋਂ ਬੇਹਾਲ ਕਰ ਦਿੱਤਾ । ਇਕ ਸ਼ਾਮ ਉਹ ਇੱਕ ਧਰਮਸ਼ਾਲ਼ਾ ਦੇ ਨੇੜੇ ਠਹਿਰੇ ਹੋਏ ਸਨ। ਬਹੁਤ ਜ਼ਿਆਦਾ ਥਕਾਵਟ ਕਾਰਨ ਦਮਿਅੰਤੀ ਘੂਕ ਸੌਂ ਗਈ ਪਰ ਚਿੰਤਾ ਕਰਕੇ ਰਾਜੇ ਨਲ ਨੂੰ ਨੀਂਦ ਨਾ ਆਈ। ਰਾਜਾ ਨਲ ਸੋਚਣ ਲੱਗਾ ਕਿ ਉਸ ਨਾਲ਼ ਰਹਿੰਦਿਆਂ ਦਮਿਅੰਤੀ ਨੂੰ ਪਤਾ ਨਹੀਂ ਹੋਰ ਕਿਹੜੇ ਕਿਹੜੇ ਦੁੱਖ ਝੱਲਣੇ ਪੈਣਗੇ ਨਾਲ਼ ਹੀ ਉਸ ਦੇ ਮਨ ਵਿੱਚ ਇਹ ਵਿਚਾਰ ਆਇਆ ਕਿ ਜੇ ਉਹ ਦਮਿਅੰਤੀ ਨੂੰ ਸੁੱਤੀ ਨੂੰ ਛੱਡ ਗਿਆ ਤਾ ਉਹ ਉਸ ਨੂੰ ਬੇਵਫ਼ਾ ਸਮਝੇਗੀ। ਕਾਫ਼ੀ ਸੋਚ ਵਿਚਾਰ ਤੋਂ ਬਾਅਦ ਨਲ ਤੇ ਦਮਿਅੰਤੀ ਨੂੰ ਸੁੱਤੀ ਪਈ ਛੱਡ ਕੇ ਇਕੱਲੇ ਤੁਰ ਜਾਣਾ ਹੀ ਬਿਹਤਰ ਸਮਝਿਆ।

ਸਵੇਰ ਹੋਣ ਤੇ ਜਦੋਂ ਦਮਿਅੰਤੀ ਦੀ ਜਾਗ ਖੁੱਲ੍ਹੀ ਤਾਂ ਆਪਣੇ ਨਾਲ਼ ਰਾਜਾ ਨਲ ਨੂੰ ਵੇਖ ਕੇ ਉਸ ਦਾ ਮਨ ਤ੍ਰਾਟ-ਤ੍ਰਾਟ ਹੋ ਗਿਆ। ਹ ਬਾਵਲੀ ਹੋਈ ਉਸ ਨੂੰ ਢੂੰਡਣ ਲਈ ਜੰਗਲ਼ ਵੱਲ ਨੂੰ ਤੁਰ ਪਈ ਉਹ ਅੰਤਾਂ ਦਾ ਵਿਰਲਾਪ ਕਰਦੀ ਹੋਈ ਦੇ ਰਾਜਾ ਨਲ ਨੂੰ ਪੁਕਾਰਦੀ ਕਦੇ ਉੱਚੀ ਉੱਚੀ ਬੋਲ ਕੇ ਰਾਜਾ ਨਲ ਬਾਰੇ ਪੁੱਛਦੀ ਅਤੇ ਕਦੇ ਆਪਣੇ ਆਪ ਨੂੰ ਕੋਸਦੀ।

ਤੁਰਦਿਆਂ ਤੁਰਦਿਆਂ ਰਾਹ ਵਿੱਚ ਦਮਿਅੰਤੀ ਨੂੰ ਇਕ ਅਜਗਰ ਮਿਲ਼ਿਆ। ਉਸ ਨੇ ਦਮਿਅੰਤੀ ਨੂੰ ਪੈਰਾਂ ਵੱਲੋਂ ਨਿਗਲ਼ਨਾਂ ਸ਼ੁਰੂ ਕਰ ਲਿਆ ਉਸੇ ਸਮੇਂ ਉਥੇ ਇਕ ਸ਼ਿਕਾਰੀ ਆਇਆ ਜਿਸ ਨੇ ਤਲਵਾਰ ਨਾਲ਼ ਅਜਗਰ ਨੂੰ ਮਾਰ ਕੇ ਦਮਿਅੰਤੀ ਜੀ ਜਾਨ ਬਚਾਈ। ਦਮਿਅੰਤੀ ਦੀ ਬਿਪਤਾ ਉਥੇ ਹੀ ਖਤਮ ਨਾ ਹੋਈ ਸ਼ਿਕਾਰੀ ਦੇ ਮਨ ਵਿੱਚ ਦਮਿਅੰਤੀ ਪ੍ਰਤੀ ਮੰਦਭਾਵਨਾ ਪੈਦਾ ਹੋ ਗਈ। ਉਚੇ ਆਚਰਨ ਵਾਲ਼ੀ ਦਮਿਅੰਤੀ ਵਿੱਚ ਅਥਾਹ ਸ਼ਕਤੀ ਪੈਦਾ ਹੋ ਗਈ ਤਾਂ ਉਸ ਨੇ ਸ਼ਿਕਾਰੀ ਨੂੰ ਮਾਰ ਮੁਕਾਇਆ।

ਰਾਜਾ ਨਲ ਦੀ ਭਾਲ਼ ਵਿੱਚ ਦਮਿਅੰਤੀ ਰੋਂਦੀ ਕੁਰਲਾਉਂਦੀ ਜੰਗਲ ਵਿੱਚ ਭਟਕਦੀ ਰਹੀ । ਜੰਗਲ ਵਿੱਚ ਉਸ ਨੂੰ ਰਿਸ਼ੀ ਮੁਨੀ ਮਿਲੇ ਤੇ ਉਹਨਾਂ ਉਸਦਾ ਧੀਰਜ ਬਨ੍ਹਾਉਣ ਦੀ ਕੋਸ਼ਸ਼ ਕੀਤੀ। ਅੰਤ ਉਹ ਕਾਫ਼ਲੇ ਨਾਲ਼ ਰਲ਼ ਚੇਦੀ ਰਾਜ ਦੀ ਰਾਜਧਾਨੀ ਪਹੁੰਚ ਗਈ।

ਇੱਥੋਂ ਦੀ ਰਾਜ ਮਾਤਾ ਦਮਿਅੰਤੀ ਦੀ ਮਾਸੀ ਸੀ। ਉਸਨੇ ਹੀ ਦਮਿਅੰਤੀ ਨੂੰ ਉਸਦੇ ਪਿਤਾ ਕੋਲ਼ ਪਹੁੰਚਾਇਆ। ਦਮਿਅੰਤੀ ਦੇ ਪਿਤਾ ਨੇ ਰਾਜੇ ਨਲ ਦੀ ਭਾਲ਼ ਲਈ ਰਾਜ ਦਰਬਾਰ ਦੇ ਬ੍ਰਾਹਮਣਾ ਨੂੰ ਚਾਰ ਚੁਫ਼ੇਰੇ ਭੇਜ ਦਿੱਤਾ।

ਉੱਧਰ ਰਾਜਾ ਨਲ ਅਨੇਕਾਂ ਕਸ਼ਟ ਝੱਲਦਾ ਹੋਇਆ ਰਾਜਾ ਰਿਤੂਪਰਣ ਕੋਲ਼ ਪੁੱਜਾ। ਰਾਜਾ ਨਲ਼ ਘੋੜੇ ਦੜਾਉਣ ਦਾ ਮਾਹਰ ਸੀ ਤੇ ਉਹ ਭੇਸ ਵਟਾ ਕੇ ਘੋੜਿਆ ਦੇ ਵਾਹਕ ਵਜੋਂ ਨੌਕਰੀ ਕਰਨ ਲੱਗਾ। ਇਸ ਦੌਰਾਨ ਇਕ ਦਿਨ ਰਾਜਾ ਭੀਮ ਦੇ ਦਰਬਾਰ ਦਾ ਇਕ ਬ੍ਰਾਹਮਣ ਰਾਜਾ ਰਿਤੂਪਰਣ ਕੋਲ਼ ਆਇਆ। ਰਾਜਾ ਨਲ ਜੋ ਉੱਥੇ ਘੋੜਿਆਂ ਦੇ ਵਾਹਕ ਦੇ ਭੇਸ ਵਿੱਚ ਰਹਿੰਦਾ ਸੀ ਉਸ ਨਾਲ਼ ਗੱਲ ਕਰਨ ਲੱਗਾ ਤਾਂ ਉਸ ਨੂੰ ਸ਼ੱਕ ਪੈ ਗਿਆ ਕਿ ਇਹ ਰਾਜਾ ਨਲ ਹੈ। ਉਸ ਨੇ ਵਾਪਸ ਆ ਕੇ ਉਸ ਦਾ ਹੁਲੀਆ ਦਮਿਅੰਤੀ ਨੂੰ ਦੱਸ ਦਿੱਤਾ। ਦਮਿਅੰਤੀ ਨੇ ਰਾਜਾ ਨਲ ਨੂੰ ਮਿਲਣ ਤੇ ਉਸ ਦੇ ਰਾਜਾ ਨਲ ਹੋਣ ਬਾਰੇ ਪੂਰੀ ਤਸੱਲੀ ਕਰਨ ਲਈ ਸੂੰਬਰ ਦਾ ਐਲਾਨ ਕੀਤਾ। ਇਸ ਸੂੰਬਰ ਵਿਚ ਪਹੁੰਚਣ ਲਈ ਕੇਵਲ ਇੱਕ ਦਿਨ ਦਾ ਸਮਾਂ ਦਿੱਤਾ ਗਿਆ ਸੀ। ਇਸ ਨੇ ਸੂੰਬਰ ਦਾ ਸੁਨੇਹਾ ਕੇਵਲ ਰਾਜਾ ਰਿਤੂਪਰਣ ਨੂੰ ਹੀ ਭੇਜਿਆ। ਰਿਤੂਪਰਣ ਬੜਾ ਹੈਰਾਨ ਹੋਇਆ ਕਿਉਂਕਿ ਸੂੰਬਰ ਵਿੱਚ ਪਹੁੰਚਣ ਲਈ ਸਮਾਂ ਕੇਵਲ ਇੱਕ ਦਿਨ ਦੀ ਸੀ। ਰਾਜਾ ਨਲ ਨੇ ਰਿਤੂਪਰਣ ਨੂੰ ਕਿਹਾ ਉਹ ਫ਼ਿਕਰ ਨਾ ਕਰੇ। ਉਹ ਰਿਤੂਪਰਣ ਨੂੰ ਸੂੰਬਰ ਵਿੱਚ ਠੀਕ ਸਮੇਂ ਪੁਚਾ ਦੇਵੇਗਾ।

ਅਸਲ ਵਿੱਚ ਦਮਿਅੰਤੀ ਨੇ ਇਹ ਸੂੰਬਰ ਰਾਜਾ ਨਲ ਦੀ ਪਹਿਚਾਣ ਕਰਨ ਲਈ ਰੱਖਿਆ ਸੀ ਕਿਉਂਕਿ ਉਸ ਨੂੰ ਪਤਾ ਸੀ ਕਿ ਨਲ ਹੀ ਐਨੀ ਦੂਰ ਐਨੇ ਥੋੜ੍ਹੇ ਸਮੇਂ ਵਿੱਚ ਘੋੜਿਆਂ ਨੂੰ ਭਜਾ ਕੇ ਲਿਆ ਸਕਦਾ ਹੈ।

ਜਦੋ ਰਾਜਾ ਰਿਤੂਪਰਣ ਨੇ ਰਾਜਾ ਨਲ ਨੂੰ ਏਨੇ ਤੇਜ਼ ਘੋੜੇ ਦੜਾਉਂਦੇ ਦੇਖਿਆ ਤਾਂ ਉਸਨੇ ਕਿਹਾ ਉਹ ਮੈਨੂੰ ਵੀ ਘੋੜੇ ਦੜਾਉਣ ਦੀ ਕਲਾ ਸਖਾ ਦੇਵੇ। ਮੈਂ ਉਸਨੂੰ ਜੂਆ ਖੇਡਣ ਦਾ ਕਲਾ ਸਿਖਾਵਾਗਾ।ਰਿਤੂਪਰਣ ਜੂਆ ਖੇਡਣ ਦਾ ਬਹੁਤ ਮਾਹਰ ਸੀ। ਰਿਤੂਪਰਣ ਨੇ ਨਲ ਨੂੰ ਜੂਏ ਦੇ ਤੇ ਨਲ ਨੇ ਰਿਤੂਪਰਣ ਨੂੰ ਘੋੜੇ ਦੜਾਉਣ ਦੇ ਭੇਤ ਦੱਸੇ।

ਅਖੀਰ, ਸਮੇਂ ਸਿਰ ਰਿਤੂਪਰਣ ਅਤੇ ਰਾਜਾ ਨਲ ਜੋ ਉਸ ਵੇਲ਼ੇ ਵਾਹਕ ਦੇ ਰੂਪ ਵਿੱਚ ਸੀ ਰਾਜਾ ਭੀਮ ਦੀ ਨਗਰੀ ਪੁੱਜ ਗਏ। ਉੱਥੇ ਰਾਜਾ ਨਲ ਨੂੰ ਕੋਈ ਪਛਾਣ ਨਾ ਸਕਿਆ। ਇੱਥੇ ਦਮਿਅੰਤੀ ਨ ਇੱਕ ਦਾਸੀ ਰਾਹੀਂ ਰਾਜਾ ਨਲ ਨਾਲ਼ ਸੰਪਰਕ ਕੀਤਾ। ਰਾਜਾ ਨਲ ਦਮਿਅੰਤੀ ਦੇ ਸੂੰਬਰ ਰਚਣ ਤੇ ਬੜਾ ਦੁੱਖੀ ਸੀ ਪਰ ਜਦੋਂ ਉਸ ਨੂੰ ਪਤਾ ਲੱਗਾ ਕਿ ਦਮਿਅੰਤੀ ਨੇ ਇਹ ਸਾਰੀ ਯੋਜਨਾ ਉਸ ਨੂੰ ਲੱਭਣ ਲਈ ਹੀ ਬਣਾਈ ਸੀ ਤਾਂ ਉਸ ਦੇ ਸ਼ੱਕ ਦੂਰ ਹੋ ਗਏ। ਰਾਜ ਨਲ ਦੇ ਦਮਿਅੰਤੀ ਅਤੇ ਬੱਚਿਆਂ ਨਾਲ਼ ਪੁਨਰ ਮੇਲ ਹੋਣ ਤੇ ਸਾਰੇ ਬੜੇ ਖ਼ੁਸ਼ ਹੋਏ । ਇਸ ਖ਼ੁਸ਼ੀ ਵਿੱਚ ਰਾਜਾ ਭੀਮ ਨੇ ਕਈ ਸਮਾਗਮ ਕੀਤੇ।

ਕੁਝ ਸਮੇਂ ਪਿੱਛੋਂ ਰਾਜਾ ਨਲ ਆਪਣੇ ਭਰਾ ਪੁਸ਼ਕਰ ਕੋਲ਼ ਗਿਆ ਅਤੇ ਉਸ ਨੂੰ ਮੁੜ ਜੂਆ ਖੇਡਣ ਲਈ ਵੰਗਾਰਿਆ। ਜੂਏ ਦੀ ਨਵੀਂ ਸਿੱਖੀ ਕਲਾ ਕਾਰਨ ਉਸ ਨੇ ਪੁਸ਼ਕਰ ਤੋਂ ਨਾ ਕੇਵਲ ਆਪਣਾ ਹਾਰਿਆ ਹੋਇਆ ਰਾਜ ਭਾਗ ਮੁੜ ਜਿੱਤ ਲਿਆ ਸਗੋਂ ਪੁਸ਼ਕਰ ਦਾ ਵੀ ਸਾਰਾ ਰਾਜ ਹਾਸਲ ਕਰ ਲਿਆ ਪਰ ਰਾਜਾ ਨਲ ਪੁਸ਼ਕਰ ਵਾਂਗ ਦੁਸ਼ਟ ਨਹੀਂ ਸੀ। ਉਸ ਨੇ ਸੱਜਣਤਾ ਦਿਖਾਉਂਦੇ ਹੋਏ ਪੁਸ਼ਕਰ ਨੂੰ ਉਸ ਦਾ ਰਾਜ ਵਾਪਸ ਕਰ ਦਿੱਤਾ।

ਇਸ ਪਿੱਛੋਂ ਸਾਰੇ ਖ਼ੁਸ਼ੀ ਖ਼ੁਸ਼ੀ ਰਹਿਣ ਲੱਗ ਪਏ। ਦਮਿਅੰਤੀ ਅਤੇ ਨਲ ਦਾ ਪਿਆਰ ਏਨੇ ਦੁੱਖਾਂ ਕਸ਼ਟਾਂ ਵਿੱਚੋਂ ਲੰਘ ਕੇ ਸਗੋਂ ਹੋਰ ਵੀ ਵਧ ਗਿਆ।

ਵਸਤੂਨਿਸ਼ਠ ਪ੍ਰਸ਼ਨ ਉੱਤਰ

ਨਲ ਦੇ ਪਿਤਾ ਦਾ ਨਾਮ ਕੀ ਸੀ

1) ਭੀਮ
2) ਵੀਰਸੈਨ✔
3) ਪੁਸ਼ਕਰ
4) ਰਿਤੂਪਰਨ

ਰਾਜਾ ਵੀਰਸੈਨ ਕਿਸ ਦੇਸ਼ ਦਾ ਰਾਜਾ ਸੀ?

1) ਵਿਦਰਭ
**2)** ਨਿਸ਼ਧ✔
3) ਪਾਟਲੀ
4) ਕਾਸ਼ੀ

ਨਲ ਦੀ ਕਿਸ ਕੰਮ ਵਿੱਚ ਖ਼ਾਸ ਮੁਹਾਰਤ ਸੀ

1) ਜੂਆ ਖੇਡਣ ਵਿੱਚ
**2)** ਘੋੜੇ ਦੁੜਾਉਣ ਵਿੱਚ✔
3) ਤੀਰ ਅੰਦਾਜ਼ੀ ਵਿੱਚ
4) ਚੌਪਟ ਖੇਡਣ ਵਿੱਚ

ਦਮਿਅੰਤੀ ਕਿਸ ਦੀ ਪੁੱਤਰੀ ਸੀ?

1) ਵੀਰਸੈਨ
**2)** ਭੀਮ✔
3) ਪੁਸ਼ਕਰ
4) ਰਿਤੂਪਰਨ

ਰਾਜਾ ਭੀਮ ਕਿਸ ਦੇਸ਼ ਦਾ ਰਾਜਾ ਸੀ?
**1)** ਵਿਦਰਭ✔️
2) ਨਿਸ਼ਧ
3) ਪਾਟਲੀ
4) ਕਾਸ਼ੀ
ਨਲ ਤੇ ਦਮਿਅੰਤੀ ਦੀ ਖੁਸ਼ੀ ਕਿਸ ਤੋਂ ਬਰਦਾਸ਼ਤ ਨਹੀਂ ਹੋਈ?
1) ਗੁਆਂਢੀਆਂ ਤੋਂ
2) ਪਰਮਾਤਮਾ ਤੋਂ
**3)** ਕਲਯੁਗ ਤੋਂ✔️
4) ਫੁੱਫੇਕੁਟਣੀ ਤੋਂ
ਨਲ ਦੇ ਭਰਾ ਦਾ ਨਾਮ ਸੀ?
**1)** ਪੁਸ਼ਕਰ✔️
2) ਭੀਮ
3) ਪਰਨਾਖ਼ਸ਼
4) ਰਿਤੂਪਰਨ
: ਰਾਜਾ ਨਲ ਕਿਸ ਨੂੰ ਜੂਐ ਵਿੱਚ ਸਭ ਕੁਝ ਹਾਰ ਗਿਆ
**1)** ਪੁਸ਼ਕਰ✔️
2) ਭੀਮ
3) ਪਰਨਾਖ਼ਸ਼
4) ਰਿਤੂਪਰਨ
ਚੇਦੀ ਦੀ ਰਾਜ ਮਾਤਾ ਦਮਿਅੰਤੀ ਦੀ ਕੀ ਲੱਗਦੀ ਸੀ?
1) ਭੂਆ
**2)** ਮਾਸੀ✔️
3) ਮਾਮੀ
4) ਭੈਣ
ਰਾਜਾ ਨਲ ਦਾ ਰਾਜ ਕਿਸ ਨੇ ਜਿੱਤ ਲਿਆ ਸੀ?
**1)** ਪੁਸ਼ਕਰ✔️
2) ਭੀਮ
3) ਪਰਨਾਖ਼ਸ਼
4) ਰਿਤੂਪਰਨ
ਦਮਿਅੰਤੀ ਦੇ ਪਿਤਾ ਨੇ ਰਾਜੇ ਨਲ ਨੂੰ ਲੱਭਣ ਲਈ ਕਿੰਨ੍ਹਾਂ ਨੂੰ ਚੁਫ਼ੇਰੇ ਭੇਜਿਆ?
**1)** ਬ੍ਰਾਹਮਣਾਂ ਨੂੰ✔️
2) ਨੌਕਰਾਂ ਨੂੰ
3) ਜਲਾਦਾਂ ਨੂੰ
4) ਵਜ਼ੀਰਾਂ ਨੂੰ
ਰਾਜਾ ਨਲ ਕਸ਼ਟ ਝੱਲਦਾ ਹੋਇਆ ਕਿੱਥੇ ਪੁੱਜਾ?
1) ਰਾਜੇ ਪੁਸ਼ਕਰ ਕੋਲ
**2)** ਰਾਜੇ ਰਿਤੂਪਰਨ ਕੋਲ✔️
3) ਰਾਜੇ ਭੀਮ ਕੋਲ
4) ਰਾਜੇ ਵੀਰਸੈਨ ਕੋਲ
ਰਿਤੂਪਰਨ ਨੂੰ ਕਿਸ ਖੇਡ ਵਿੱਚ ਖ਼ਾਸ ਮੁਹਾਰਤ ਸੀ
**1)** ਜੂਆ ਖੇਡਣ ਵਿੱਚ✔️
2) ਘੋੜੇ ਦੁੜਾਉਣ ਵਿੱਚ
3) ਤੀਰ ਅੰਦਾਜ਼ੀ ਵਿੱਚ

4) ਚੌਪਟ ਖੇਡਣ ਵਿੱਚ
ਰਿਤੂਪਰਨ, ਪੁਸ਼ਕਰ, ਵੀਰਸੈਨ, ਤੇ ਭੀਮ ਕਿਸ ਲੋਕ ਕਥਾ ਦੇ ਪਾਤਰ ਹਨ?
**1)** ਨਲ ਦਮਿਅੰਤੀ✔️
2) ਪ੍ਰਹਿਲਾਦ ਭਗਤ
3) ਸਬਜ਼ ਪਰੀ
4) ਨੀਲ ਕਮਲ
ਨਲ ਦਮਿਅੰਤੀ ਲੋਕ ਕਥਾ ਕਿਸ ਵੰਨਗੀ ਦੀ ਹੈ?
**1)** ਮਿੱਥ✔️
2) ਪਰੀ
3) ਨੀਤੀ
4) ਪ੍ਰੀਤ